# ਹਨੇਰੀ ਕਾਰਨ ਕਰਤਾਰਪੁਰ ਸਾਹਿਬ ਦੀ ਇਮਾਰਤ ਦੇ ਗੁੰਬਦ ਡਿੱਗੇ

ਨਾਰੋਵਾਲ (ਲਾਹੌਰ) : 18 ਅਪ੍ਰੈਲ 2020/ ਬਿਓਰੋ



ਤੇਜ ਹਨੇਰੀ ਚੱਲਣ ਕਾਰਨ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਨਵੀਂ ਬਣੀ ਇਮਾਰਤ ਦੇ ਫਾਈਬਰ ਦੇ ਬਣਾਏ ਹੋਏ ਦੋ ਗੁੰਬਦ ਟੁੱਟ ਕੇ ਡਿੱਗ ਪਏ। ਜਿਸ ਤੇ ਸਿੱਖ ਸੰਗਤ ਨੇ ਫਾਈਬਰ ਦੇ ਗੁੰਬਦ ਬਣਾਉਣ ਕਰ ਕੇ ਇਮਰਾਨ ਖ਼ਾਨ ਸਰਕਾਰ 'ਤੇ ਸਵਾਲ ਉਠਾਏ ਹਨ।

ਜਿਕਰਯੋਗ ਹੈ ਕਿ ਕਰਤਾਰਪੁਰ ਸਥਿਤ ਗੁਰਦੁਆਰਾ ਸਾਹਿਬ ਭਾਰਤ ਦੀ ਸਰਹੱਦ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ ਸਥਿੱਤ ਹੈ ਜਿਸ ਦੇ ਭਾਰਤ ਵਿੱਚ ਖੜ੍ਹ ਕੇ ਵੀ ਦਰਸ਼ਨ ਹੁੰਦੇ ਹਨ।

ਇਹ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ 'ਚ ਹੈ, ਜੋ ਲਾਹੌਰ ਤੋਂ 130 ਕਿਲੋਮੀਟਰ ਦੀ ਦੂਰੀ ਤੇ ਹੈ। ਇਸ ਗੁਰਦੁਆਰਾ ਸਾਹਿਬ ਦੀ ਪੁਰਾਤਨ ਇਮਾਰਤ ਦਾ ਰਾਵੀ ਦਰਿਆ ਵਿਚ ਆਏ ਹੜ੍ਹ ਕਾਰਨ ਨੁਕਸਾਨ ਹੋ ਗਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ 550 ਵੀਂ ਵਰ੍ਹੇਗੰਢ ਮੌਕੇ ਨਵੀਂ ਇਮਾਰਤ ਦੀ ਕਾਰ ਸੇਵਾ ਭਾਰਤ ਤੇ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਕਾਰੀਡੋਰ ਖੁਲਣ ਸਮੇਂ ਨਵੰਬਰ 2019 'ਚ ਸ਼ੁਰੂ ਕੀਤੀ ਗਈ ਸੀ।

# ਕੈਨੇਡਾ ਪੁਲਿਸ ਵੱਲੋ ਰੋਕਣ ਤੇ ਗੱਡੀ ਭਜਾਉਣ ਵਾਲੇ ਚਾਰ ਪੰਜਾਬੀ ਕਾਬੂ

ਉਨਟਾਰੀਉ (ਕੈਨੇਡਾ)/ 21 ਅਪ੍ਰੈਲ 2020/ ਮਨਜੀਤ ਸਿੰਘ ਸਰਾਂ



ਚਾਰ ਪੰਜਾਬੀਆਂ ਵੱਲੋ ਕੈਲੇਡਨ (ਉਨਟਾਰੀਉ ਕੋਲ) ਪੁਲਿਸ ਅਧਿਕਾਰੀਆਂ ਦੇ ਰੋਕਣ ਤੇ ਗੱਡੀ ਭਜਾਉਣ ਵਾਲੇ ਚਾਰ ਪੰਜਾਬੀਆਂ ਸੁਰਜੀਤ ਸਿੰਘ ਲਾਲੀ (48), ਕੁਦਰਤਬੀਰ ਸਿੰਘ (22) , ਨਵਜੋਤ ਸਿੰਘ (26), ਸੁਤੰਤਰਬੀਰ ਸਿੰਘ (24) ਸਾਲ ਨੂੰ ਭਾਰੀ ਪੁਲਿਸ ਫੋਰਸ ਤੇ ਹੈਲੀਕਾਪਟਰ ਦੀ ਮਦੱਦ ਨਾਲ ਜਲਦੀ ਦਬੋਚ ਲਿਆ।

ਜਿਸ ਲਈ ਯੌਰਕ ਪੁਲਿਸ ਤੇ ਉ ਪੀ ਪੀ ਨੂੰ ਕਾਫੀ ਮਿਹਨਤ ਕਰਨੀ ਪਈ ਹੈ। ਜਿੰਨਾਂ ਦੀ ਅਦਾਲਤ ਚ ਪੇਸ਼ੀ 2 ਜੁਲਾਈ ਨੂੰ ਹੈ। ਪੁਲਿਸ ਸੂਤਰਾਂ ਅੁਨਸਾਰ ਇਹ ਬੰਦੇ ਪਹਿਲਾਂ ਵੀ ਕਈ ਕੇਸਾਂ ਚ ਸ਼ਾਮਿਲ ਹਨ।

ਪੁਲਿਸ ਜਾਂਚ ਤੋ ਬਾਅਦ ਹੀ ਦੱਸੇਗੀ ਕਿ ਆਖਰ ਉਹ ਰੋਕਣ ਤੇ ਕਿਉ ਭੱਜੇ ? ਇਹ ਵੀ ਪਤਾ ਲੱਗਿਆ ਹੈ ਕਿ ਪੁਲਿਸ ਨੂੰ ਇਸ ਕੰਮ ਚ ਕੁੱਤਿਆਂ ਦੀ ਮਦੱਦ ਵੀ ਲੈਣੀ ਪਈ। ਇਸ ਸਮੇ ਸਾਰੇ ਦੋਸ਼ੀ ਪੁਲਿਸ ਹਿਰਾਸਤ ਚ ਹਨ।

# ਮਨੀਲਾ ਏਅਰਪੋਰਟ ਉੱਤੇ ਜਹਾਜ਼ ਨੂੰ ਅੱਗ ਲੱਗਣ ਕਾਰਨ 8 ਹਲਾਕ



ਮਨੀਲਾ/ 04 ਅਪ੍ਰੈਲ 2020/ ਬਿਓਰੋ

ਅੱਠ ਵਿਅਕਤੀਆਂ ਨੂੰ ਲਿਜਾ ਰਿਹਾ ਇੱਕ ਜਹਾਜ਼, ਜਿਸ ਵਿੱਚ ਇੱਕ ਕੈਨੇਡੀਅਨ ਤੇ ਇੱਕ ਅਮਰੀਕੀ ਵੀ ਸ਼ਾਮਲ ਸਨ, ਐਤਵਾਰ ਨੂੰ ਮਨੀਲਾ ਦੇ ਏਅਰਪੋਰਟ ਤੋਂ ਉਡਾਨ ਭਰਦੇ ਸਮੇਂ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ। ਇਸ ਕਾਰਨ ਇਸ ਵਿੱਚ ਸਵਾਰ ਸਾਰੇ ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਹਾਜ਼ ਜਪਾਨ ਜਾਣਾ ਸੀ।

ਮਨੀਲਾ ਏਅਰਪੋਰਟ ਦੇ ਜਨਰਲ ਮੈਨੇਜਰ ਐਡ ਮੌਨਰੀਅਲ ਨੇ ਦੱਸਿਆ ਕਿ ਵੈਸਟਵਿੰਡ 24 ਜਹਾਜ਼, ਜਿਸ ਵਿੱਚ ਅਮਲੇ ਦੇ ਛੇ ਫਿਲੀਪੀਨੋ ਮੈਂਬਰ ਸਨ ਅਤੇ ਇੱਕ ਕੈਨੇਡੀਅਨ ਤੇ ਅਮਰੀਕੀ ਯਾਤਰੀ ਸਵਾਰ ਸੀ। ਟੋਕੀਓ ਜਾ ਰਹੇ ਇਸ ਜਹਾਜ ਨੂੰ ਮੇਨ ਰਨਵੇਅ ਦੇ ਅਖੀਰ ਤੇ ਜਾਂ ਕੇ ਅੱਗ ਲੱਗ ਗਈ। ਅੱਗ ਬੁਝਾਉਣ ਲਈ ਤੁਰੰਤ ਹੀ ਫਾਇਰ ਟਰੱਕਸ ਤੇ ਰੈਸਕਿਊ ਅਮਲਾ ਮੌਕੇ ਉੱਤੇ ਪਹੁੰਚ ਗਏ ਪਰ ਮੰਦਭਾਗੀ ਘਟਨਾ ਹੈ ਕੋਈ ਵੀ ਜਿਊਂਦਾ ਬਚ ਨਹੀਂ ਸਕਿਆ।

# ਕੋਰੋਨਾ ਦਾ ਸਭ ਤੋਂ ਖ਼ਤਰਨਾਕ ਰੂਪ ਹਾਲੇ ਆਉਣਾ -ਡਬਲਿਊ. ਐੱਚ. ਓ.




ਜਨੇਵਾ/ 25 ਅਪ੍ਰੈਲ 2020/ ਮਵਦੀਲਾ ਬਿਓਰੋ

ਜਨੇਵਾ ਵਿੱਚ ਡਬਲਯੂ. ਐਚ. ਓ. ਦੇ ਡਾਇਰੈਕਟਰ ਜਨਰਲ ਟੇਡ੍ਰੋ ਅਧਨੋਮ ਗੇਬ੍ਰੇਏਸਿਸ ਨੇ ਮੀਡੀਆ ਨੂੰ ਕਿਹਾ ਕਿ ਇਸ ਮਹਾਮਾਰੀ ਦੀ ਤ੍ਰਾਸਦੀ ਤੋਂ ਬਚਾਅ ਦੀ ਕੋਸ਼ਿਸ ਕਰੋ। ਇਹ ਇਸ ਖ਼ਤਰਨਾਕ ਵਾਇਰਸ ਨੂੰ ਬਹੁਤੇ ਲੋਕ ਹਾਲੇ ਸਮਝ ਨਹੀਂ ਰਹੇ। ਉਨ੍ਹਾ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਇਸ ਮਹਾਮਾਰੀ ਦਾ ਸਭ ਤੋਂ ਖ਼ਤਰਨਾਕ ਰੂਪ ਹਾਲੇ ਆਉਣਾ ਹੈ।

ਡਬਲਯੂ. ਐਚ. ਓ. ਦੇ ਮੁਖੀ ਨੇ ਕਿਹਾ ਕਿ ਸਾਡਾ ਯਕੀਨ ਕਰੋ! ਇਸ ਤੋਂ ਮਾੜਾ ਦੌਰ ਅੱਗੇ ਆਉਣ ਵਾਲਾ ਹੈ। ਇਸ ਵਿਸ਼ਵ ਸੰਸਥਾ ਦਾ ਕਹਿਣਾ ਹੈ ਕਿ ਜੇ ਆਰਥਿਕ ਕਾਰਨ ਨਾਲ ਲਾਕ-ਡਾਊਨ ਵਿੱਚ ਕਿਤੇ ਢਿੱਲ ਦਿੱਤੀ ਗਈ ਤਾਂ ਇਹ ਵਿਸ਼ਵ ਮਹਾਮਾਰੀ ਪੂਰੀ ਤਾਕਤ ਨਾਲ ਫਿਰ ਸਿਰ ਚੁੱਕ ਲਵੇਗੀ। ਉਨ੍ਹਾ ਕਿਹਾ ਕਿ ਸਾਡੇ ਸੀ ਡੀ ਐਸ ਸਾਥੀਆਂ ਨੂੰ ਵੀ ਪਤਾ ਹੈ ਕਿ ਅਸੀਂ ਸਾਰੀ ਜਾਣਕਾਰੀਆਂ ਤੁਰੰਤ ਦੇ ਦਿੰਦੇ ਹਾਂ। ਵਿਸ਼ਵ ਸਿਹਤ ਸੰਗਠਨ ਕੁਝ ਵੀ ਲੁਕਾ ਨਹੀਂ ਰਿਹਾ। ਇਸ ਮਾਮਲੇ 'ਚ ਕੁਝ ਵੀ ਲੁਕਾਉਣਾ ਜਾਂ ਗੁਪਤ ਰੱਖਣਾ ਬਹੁਤ ਖ਼ਤਰਨਾਕ ਸਾਬਿਤ ਹੋ ਸਕਦਾ ਹੈ।

# ਕੈਨੇਡਾ ਦੇ ਇਤਿਹਾਸ 'ਚ ਕਤਲੇਆਮ ਦੀ ਸਭ ਤੋਂ ਵੱਡੀ ਘਟਨਾ ਵਿੱਚ 20 ਵਿਅਕਤੀ ਮਾਰੇ ਗਏ

## ਕਤਲੇਆਮ ਬਾਰੇ ਐਮਰਜੰਸੀ ਐਲਰਟ ਜਾਰੀ ਨਾ ਕਰਨ ਤੋਂ ਲੋਕ ਹੋਏ ਹੈਰਾਨ

ਨੋਵਾ ਸਕੋਸ਼ੀਆ/ 25 ਅਪ੍ਰੈਲ 2020/ ਵੈਬ ਡਿਸਕ



ਕੈਨੇਡਾ ਦੇ ਨੋਵਾ ਸਕੋਸ਼ੀਆ ਪ੍ਰਾਂਤ 'ਚ ਕੈਨੇਡਾ ਦੇ ਇਤਿਹਾਸ 'ਚ ਕਤਲੇਆਮ ਦੀ ਸਭ ਤੋਂ ਵੱਡੀ ਘਟਨਾ ਘਟੀ ਹੈ ਜਿਸ ਵਿੱਚ ਇਕ ਬੰਦੂਕਧਾਰੀ ਵਲੋਂ ਪੋਰਟਪਿਕੁ ਇਲਾਕੇ 'ਚ ਵੱਖ-ਵੱਖ ਜਗ੍ਹਾ 'ਤੇ ਜਾ ਕੇ ਗੋਲੀ ਨਾਲ ਤਕਰੀਬਨ 20 ਵਿਅਕਤੀ ਮਾਰ ਦਿੱਤੇ ਗਏ।

ਕਤਲ ਕਰਨ ਵਾਲਾ ਉਕਤ ਸ਼ਖਸ 51 ਸਾਲਾ ਗਾਬਰੀਲ਼ ਵੋਰਟਮੈਨ ਅੰਤ ਵਿਚ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ (ਆਰ.ਸੀ.ਐਮ.ਪੀ) ਦੀ ਗੋਲੀ ਨਾਲ ਮਾਰਿਆ ਗਿਆ ਹੈ। ਇਸ ਘਟਨਾ ਵਿਚ ਮਾਰੇ ਗਏ ਲੋਕਾਂ ਵਿੱਚ ਇਕ ਪੁਲਿਸ ਮੁਲਾਜਮ ਹਾਈਡੀ ਸਟੀਵਨਸਨ ਤੇ ਇਕ ਅਧਿਆਪਕਾ ਲੀਜਾ ਮਕੁਲੀ ਵੀ ਸ਼ਾਮਿਲ ਹੈ।

ਕਤਲ ਕਰਨ ਵਾਲੇ ਉਕਤ ਸ਼ਖਸ ਪੁਲਿਸ ਅਧਿਕਾਰੀ ਦਾ ਭੇਸ ਬਣਾਇਆ ਹੋਇਆ ਸੀ ਅਤੇ ਵਾਰਦਾਤ ਮੌਕੇ ਉਸ ਨੂੰ ਪੁਲਿਸ ਜਿਹੀ ਦਿੱਸਣ ਵਾਲੀ ਕਾਰ 'ਚ ਜਾਂਦਾ ਵੇਖਿਆ ਗਿਆ। ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਦੋਸ਼ੀ ਵਲੋਂ ਇਹ ਕਤਲੇਆਮ ਕਿਉਂ ਕੀਤਾ ਗਿਆ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ।

ਤਕਰੀਬਨ 20 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਵਾਲੀ ਇਸ ਘਟਨਾ ਤੋਂ ਕੈਨੇਡਾ ਵਾਸੀ ਪਰੇਸ਼ਾਨ ਹਨ ਅਤੇ ਇਹ ਪੁੱਛ ਰਹੇ ਹਨ ਕਿ ਜਿਸ ਰਸਤੇ ਉੱਤੇ ਉਹ ਕਾਤਲ ਕਤਲੇਆਮ ਕਰਦਾ ਰਿਹਾ, ਉਸ ਰੂਟ ਉੱਤੇ ਮੌਜੂਦ ਨਾਗਰਿਕਾਂ ਨੂੰ ਅਗਾਊਂ ਚੇਤਾਵਨੀ ਕਿਉਂ ਨਹੀਂ ਦਿੱਤੀ ਗਈ। ਇਸ ਬਾਰੇ ਆਰ.ਸੀ.ਐਮ.ਪੀ ਨੇ ਜਾਰੀ ਇੱਕ ਪ੍ਰੈਸ ਨੋਟ ਵਿੱਚ ਪੁਸ਼ਟੀ ਕੀਤੀ ਕਿ ਕਤਲੇਆਮ ਪੋਰਟਾਪਿਕ, ਨੋਵਾ ਸਕੋਸ਼ੀਆ ਤੋਂ ਸ਼ੁਰੂ ਹੋਇਆ। ਜਦੋਂ ਰਾਤ ਨੂੰ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਘਰ ਦੇ ਅੰਦਰ ਤੇ ਬਾਹਰ ਕਈ ਲੋਕ ਮਰੇ ਪਏ ਵੇਖੇ। ਕਾਤਲ ਨੇ ਸਾਰੀ ਰਾਤ ਵੈਂਟਵਰਥ, ਡੈਬਰਟ ਤੇ ਸੁਬੇਨਾਕਾਡੀ ਵਿੱਚ ਇਹ ਗੋਲੀਬਾਰੀ ਜਾਰੀ ਰੱਖੀ ਤੇ ਆਖਿਰਕਾਰ ਉਸ ਨੂੰ ਅਗਲੇ ਦਿਨ ਦੁਪਹਿਰੇ ਐਨਫੀਲਡ ਵਿੱਚ ਪੁਲਿਸ ਨੇ ਮਾਰ ਮੁਕਾਇਆ।

# ਵੈਸਟਜੈਟ ਏਅਰਲਾਈਨ ਵੀ ਹੁਣ ਕਰੇਗੀ 3,000 ਕਰਮਚਾਰੀਆਂ ਦੀ ਛਾਂਟੀ




ਕੈਲਗਰੀ / 25 ਅਪ੍ਰੈਲ 2020/ ਮਵਦੀਲਾ ਬਿਓਰੋ

ਕੇਨੈਡਾ ਦੇ ਕੈਲਗਰੀ ਵਿਖੇ ਸਥਿਤ ਵੈਸਟਜੈਟ ਦੇ ਦਫਤਰ ਤੋਂ ਕੰਪਨੀ ਦੇ ਪ੍ਰੈਜ਼ੀਡੈਂਟ ਤੇ ਸੀਈਓ ਐਡ ਸਿਮਜ਼ ਨੇ ਆਖਿਆ ਕਿ ਉਹ ਆਪਣੇ 3000 ਹੋਰ ਵਰਕਰਜ਼ ਦੀ ਮਈ ਦੇ ਸ਼ੁਰੂ ਵਿੱਚ ਛਾਂਟੀ ਕਰਨ ਜਾ ਰਹੇ ਹਨ।

ਉਨ੍ਹਾ ਦੱਸਿਆ ਕਿ ਏਅਰਲਾਈਨ ਵੱਲੋ ਕੋਵਿਡ-19 ਮਹਾਮਾਰੀ ਕਾਰਨ ਉਡਾਨਾਂ ਦੀ ਘਟੀ ਮੰਗ ਕਾਰਨ ਅਜਿਹਾ ਕੀਤਾ ਜਾ ਰਿਹਾ ਹੈ। ਇਸ ਸਮੇਂ ਪੰਜ ਫੀ ਸਦੀ ਤੋਂ ਵੀ ਘੱਟ ਯਾਤਰੀ ਹੋਣ ਕਾਰਨ ਏਅਰਲਾਈਨ ਨੂੰ ਇਹ ਫੈਸਲਾ ਲੈਣਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਹ ਫੈਸਲਾ ਲੈਣਾ ਔਖਾ ਸੀ ਪਰ ਇਸ ਤੇ ਪੂਰੀ ਸੋਚ ਵਿਚਾਰ ਤੋਂ ਬਾਅਦ ਇਹ ਫੈਸਲਾ ਲਿਆ ਜਾ ਰਿਹਾ ਹੈ ਤਾਂ ਕਿ ਅਸੀਂ ਇਸ ਸੰਕਟ ਦੀ ਘੜੀ ਵਿੱਚੋਂ ਸੌਖੇ ਢੰਗ ਨਾਲ ਨਿਕਲ ਸਕੀਏ ਤੇ ਭਵਿੱਖ ਲਈ ਤਿਆਰੀ ਕਰ ਸਕੀਏ।

ਸਿਮਜ਼ ਨੇ ਆਉਣ ਵਾਲੇ ਸਮੇਂ ਲਈ ਦੱਸਿਆ ਕਿ ਵੈਸਟਜੈਟ ਫੈਡਰਲ ਸਰਕਾਰ ਦੇ ਵੇਜ ਸਬਸਿਡੀ ਪ੍ਰੋਗਰਾਮ ਦੀ ਵਰਤੋਂ ਕਰਕੇ ਆਪਣੇ ਵਰਕਰਜ਼ ਨੂੰ ਤਨਖਾਹਾਂ ਦੇ ਕੇ ਨਾਲ ਜੋੜੀ ਰੱਖੇਗੀ। ਉਨ੍ਹਾਂ ਆਖਿਆ ਕਿ ਅਸੀਂ ਆਪਣੇ ਕਰਮਚਾਰੀਆਂ ਤੇ ਲੇਬਰ ਗਰੁੱਪਜ਼ ਨਾਲ ਕੰਮ ਕਰਨਾ ਜਾਰੀ ਰੱਖਾਂਗੇ ਤਾਂ ਕਿ ਇਸ ਸੰਕਟ ਦੀ ਘੜੀ ਵਿੱਚ ਰੋਜ਼ਗਾਰ ਨੂੰ ਬਚਾਉਣ ਦਾ ਉਪਰਾਲਾ ਕਰ ਸਕੀਏ। ਫਿਰ ਸਮਾਂ ਆਉਣ ਉੱਤੇ ਸੀਨੀਆਰਿਟੀ ਦੇ ਅਧਾਰ ਉੱਤੇ ਉਨ੍ਹਾਂ ਸਾਰਿਆਂ ਨੂੰ ਕੰਮ ਉੱਤੇ ਵਾਪਿਸ ਸੱਦ ਲਿਆ ਜਾਵੇਗਾ।

# 'ਪੰਜਾਬੀ ਫੂਡ ਸੇਵਾ' ਨਾਲ ਦੁਨੀਆ ਭਰ ਵਿਚ ਹੋਰ ਉੱਭਰ ਕੇ ਚਮਕਿਆ ਨਾਂਅ ਜਗਰਾਜ ਸਿੱਧੂ

ਬਰੈਂਪਟਨ (ਕੈਨੇਡਾ) / 24 ਅਪ੍ਰੈਲ 2020/ ਸੁਖਦੀਪ 'ਸੁਖਾਣਾ'



ਪੰਜਾਬ ਤੋ ਕਨੈਡਾ ਜਾ ਕੇ ਵਸੇ ਜਗਰਾਜ ਸਿੰਘ ਸਿੱਧੂ ਦਾ ਜਨਮ ਮੋਗਾ ਜਿਲ੍ਹੇ ਦੇ ਪਿੰਡ ਖੋਸਾ ਕੋਟਲਾ ਵਿੱਚ ਪਿਤਾ ਸ. ਨਰੰਜਣ ਸਿੰਘ ਸਿੱਧੂ ਦੇ ਘਰ ਮਾਤਾ ਦਰਸ਼ਨ ਕੌਰ ਸਿੱਧੂ ਜੀ ਦੀ ਕੁੱਖੋਂ 1979 ਵਿਚ ਹੋਇਆ। ਪੰਦਰਾਂ ਸਾਲ ਦੀ ਉਮਰ ਵਿਚ ਹੀ ਪਿਉ ਦਾ ਸਾਇਆ ਸਿਰ ਤੋ ਉਠ ਗਿਆ। ਜਗਰਾਜ ਇਕਲੌਤਾ ਹੋਣ ਕਰਕੇ ਜਿੰਮੇਵਾਰੀਆ ਦਾ ਬੋਝ ਉਸਦੇ ਮੋਢਿਆਂ ਉਪਰ ਆਉਣਾ ਸ਼ੁਰੂ ਹੋ ਗਿਆ। ਹੋਲੀ-ਹੋਲੀ ਮਿਹਨਤ ਮੁਸ਼ੱਕਤ ਕਰਦਾ-ਕਰਦਾ 1997 ਵਿਚ ਕਨੈਡਾ ਆ ਗਿਆ। ਇੱਥੇ ਆ ਕੇ ਥੋੜ੍ਹਾ ਬਹੁਤਾ ਪੜ੍ਹਨ ਤੋ ਬਾਅਦ ਟਰੱਕ ਚਲਾਉਣ ਲੱਗ ਪਿਆ।

ਬੱਸ ਇਥੋ ਹੀ ਹੋਲੀ-ਹੋਲੀ ਪੈਰ ਤਰੱਕੀ ਵੱਲ ਨੂੰ ਤੁਰ ਪਏ। ਟਰੱਕ ਚਲਾਉਣ ਤੋਂ ਬਾਅਦ 2007 ਵਿਚ ਮਹਿਕ ਰੇਡੀਓ ਅਤੇ ਟੀ ਵੀ ਸ਼ੁਰੂ ਕੀਤਾ। ਬਾਬੇ ਨਾਨਕ ਜੀ ਦੇ ਮਿਹਰ ਸਦਕਾ ਕੰਮਕਾਜ ਵਿੱਚ ਤਰੱਕੀਆਂ ਹੁੰਦੀਆਂ ਗਈਆਂ। ਇਹ ਤਰੱਕੀਆਂ ਹੀ ਜਗਰਾਜ ਸਿੱਧੂ ਦੀ ਪਹਿਚਾਣ ਬਣਾਉਂਦੀਆਂ ਗਈਆਂ। ਇਸੇ ਤਰ੍ਹਾਂ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ ਨੂੰ ਪ੍ਰਮੋਟ ਕਰਨ ਲਈ ਜਗਰਾਜ ਸਿੱਧੂ ਅਤੇ ਉਸ ਦੇ ਯਾਰਾਂ ਦੋਸਤਾਂ ਵਲੋਂ ਹੁਣ ਤੱਕ ਸੱਤ ਸੱਭਿਆਚਾਰਕ ਮੇਲੇ ਕਰਵਾਏ ਗਏ ਹਨ। ਇਹ ਮੇਲਾ 'ਕਨੈਡਾ ਡੇਅ ਮੇਲਾ ਅਤੇ ਟਰੱਕ ਸ਼ੋਅ' ਨਾਲ ਮਸ਼ਹੂਰ ਪਹਿਲੀ ਜੁਲਾਈ ਨੂੰ ਹਰ ਸਾਲ ਕਨੈਡਾ ਦੇ ਸ਼ਹਿਰ ਬਰੈਂਪਟਨ ਵਿਚ ਕਰਵਾਇਆ ਜਾਂਦਾ ਹੈ ਜੋ ਕਿ ਫਰੀ ਹੈ, ਕਿਸੇ ਤਰ੍ਹਾਂ ਦੀ ਟਿਕਟ ਨਹੀ ਹੁੰਦੀ। ਇਹ ਮੇਲਾ ਪੰਜਾਬ ਤੋ ਬਾਹਰ ਦੁਨੀਆ ਦਾ ਵੱਡਾ ਮੇਲਾ ਗਿਣਿਆ ਜਾਂਦਾ ਹੈ। ਇਸ ਮੇਲੇ ਵਿਚ ਪੰਜਾਬ ਤੋ ਨਾਮਵਰ ਕਲਾਕਾਰ ਬੁਲਾਏ ਜਾਂਦੇ ਹਨ। ਜਿਥੇ ਪੰਜਾਬੀ ਇਹ ਮੇਲੇ ਦਾ ਆਨੰਦ ਮਾਣਦੇ ਹਨ, ਉਥੇ ਗੋਰੇ ਵੀ ਖੂਬ ਮਨੋਰੰਜਨ ਕਰਦੇ ਹਨ।

ਇਸ ਮੇਲੇ ਨੇ ਜਗਰਾਜ ਸਿੱਧੂ ਦੇ ਨਾਂਅ ਨਾਲ ਪੰਜਾਬੀਅਤ ਦਾ ਸਿਰ ਵੀ ਫਕਰ ਨਾਲ ਉੱਚਾ ਕੀਤਾ ਹੈ। ਜਗਰਾਜ ਸਿੱਧੂ ਆਪਣੇ ਪਰਿਵਾਰ ਨਾਲ ਕਨੈਡਾ ਰਹਿੰਦੇ ਹਨ ਅਤੇ ਹਰ ਸਾਲ ਪੰਜਾਬ ਜਾ ਕੇ ਆਉਦੇ ਹਨ। ਇਸ ਵਾਰ ਜਦੋਂ ਉਹ ਪੰਜਾਬ ਆਏ ਤਾ ਪਾਕਿਸਤਾਨ ਵਿਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਵੀ ਦਰਸਨ ਦੀਦਾਰ ਕਰ ਕੇ ਆਏ ਹਨ। ਇਸ ਵਾਰ ਪੰਜਾਬ ਤੋ ਕਨੈਡਾ ਵਾਪਿਸ ਆਉਂਦਿਆਂ ਹੀ ਸਾਰੇ ਸੰਸਾਰ ਵਿੱਚ ਚੱਲ ਰਹੀ ਨਾਮੁਰਾਦ ਬਿਮਾਰੀ ਕਰੋਨਾ ਦਾ ਕਹਿਰ ਵੱਧ ਗਿਆ। ਜਿਸ ਨੂੰ ਹਰਾਉਣ ਲਈ ਸਰਕਾਰਾਂ ਵਲੋਂ ਲਾਕਡਾਊਨ ਕੀਤਾ ਗਿਆ ਹੈ। ਸਭ ਕੰਮ ਕਾਰ ਬੰਦ ਹਨ, ਲੋਕ ਘਰਾਂ ਵਿਚ ਬੰਦ ਹਨ।

ਕਨੈਡਾ ਵਿਚ ਵੀ ਇੰਟਰਨੈਸ਼ਨਲ ਵਿਦਿਆਰਥੀ ਅਤੇ ਸੁਧਾਰਨ ਪਰਿਵਾਰਾਂ ਨੂੰ ਰੋਟੀ ਦਾ ਫਿਕਰ ਸਤਾਉਣ ਲੱਗ ਗਿਆ । ਇਸ ਔਖੀ ਘੜੀ ਵਿਚ ਜਗਰਾਜ ਸਿੰਘ ਸਿੱਧੂ ਅਤੇ ਗੋਲੂ ਇਆਲੀ ਜਿਹੇ ਦੋਸਤਾਂ ਨਾਲ ਮਿਲ ਕੇ 'ਪੰਜਾਬੀ ਫੂਡ ਸੇਵਾ' ਨੂੰ ਕਨੈਡਾ ਦੇ ਬਰੈਂਪਟਨ ਅਤੇ ਮਿਸੀਸਾਗਾ ਸ਼ਹਿਰ ਵਿਚ ਹੋਂਦ ਵਿੱਚ ਲਿਆਂਦਾ। ਇਸ ਸੇਵਾ ਵਿਚ ਜੁੜੇ ਦੋਸਤਾਂ, ਸਹਿਯੋਗੀਆਂ, ਦਾਨੀ ਸੱਜਣਾਂ ਦੀ ਮੱਦਦ ਨਾਲ ਜਿਸ ਵੀ ਇੰਟਰਨੈਸ਼ਨਲ ਸਟੂਡੈਂਟ ਅਤੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀ ਲੋੜ ਹੁੰਦੀ ਹੈ , ਉਹਨਾਂ ਨੂੰ ਲਗਾਤਾਰ ਰਾਸ਼ਨ ਪਹੁੰ-ਚਾਇਆ ਜਾਂਦਾ ਹੈ।

ਇਕ ਮਹੀਨੇ ਤੋ ਪੰਜਾਬੀ ਫੂਡ ਸੇਵਾ ਲਗਾਤਾਰ ਘਰ ਘਰ ਰਾਸ਼ਨ ਪਹੁੰਚਾ ਰਹੀ ਹੈ। ਪੰਜਾਬ ਤੋ ਬਾਹਰ ਇਹੋ ਜਿਹੀ ਸੇਵਾ ਵੇਖ ਤਾਰੀਫ ਲਈ ਲਫਜ਼ ਮੁੱਕ ਜਾਂਦੇ ਹਨ। ਇੱਥੇ ਇਹ ਕਹਿਣਾ ਗਲਤ ਨਹੀ ਹੋਵੇਗਾ ਕਿ ਸਿੱਖ ਭਾਈਚਾਰਾ ਭਾਵੇਂ ਗਿਣਤੀ ਵਿੱਚ ਤਾ ਘੱਟ ਹੈ, ਪਰ ਉਹਨਾਂ ਵੱਲੋ ਔਖੀ ਘੜੀ ਵਿਚ ਚੁੱਕੇ ਜਾਂਦੇ ਕਦਮ ਹਮੇਸ਼ਾ ਸ਼ਲਾਘਾਯੋਗ ਰਹੇ ਹਨ। ਅੱਜ ਤੋਂ 550 ਸਾਲ ਪਹਿਲਾਂ ਬਾਬੇ ਨਾਨਕ ਵੱਲੋਂ ਚਲਾਇਆ 20 ਰੁਪਏ ਦਾ ਲੰਗਰ ਅੱਜ ਵੀ ਬਿਨਾਂ ਕਿਸੇ ਘਾਟ ਦੇ ਚੱਲ ਰਿਹਾ ਹੈ। ਸਭ ਕੰਮਕਾਜ ਠੱਪ ਹੋਣ ਦੇ ਬਾਵਜੂਦ 'ਪੰਜਾਬੀ ਫੂਡ ਸੇਵਾ' ਬਾਬੇ ਨਾਨਕ ਦੇ ਲੰਗਰ ਨੂੰ ਘਰੋ ਘਰ ਪਹੁੰਚਾ ਰਹੇ ਹਨ। ਇਹੋ ਜਿਹਾ ਵੱਡਾ ਹੌਸਲਾ ਕਰਕੇ ਜਗਰਾਜ ਸਿੱਧੂ ਨੇ ਆਪਣੇ ਨਾਂਅ ਨੂੰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚਾਇਆ ਹੈ।

ਸਾਨੂੰ ਮਾਣ ਹੈ ਇਸ ਵੀਰ ਤੇ ਜਿਸ ਨੇ ਪੰਜਾਬੀਅਤ ਦੀ ਪਹਿਚਾਣ ਨੂੰ ਹੋਰ ਗੂੜ੍ਹਾ ਬਣਾਇਆ ਹੈ। ਪਰਮਾਤਮਾ ਇਹਨਾਂ ਸਭ ਵੀਰਾਂ ਨੂੰ ਆਉਦੇ ਸਮੇਂ ਵਿੱਚ ਹੋਰ ਬਹੁਤ ਸਾਰੀਆਂ ਤਰੱਕੀ ਬਖਸ਼ੇ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਖੇ। ਜਗਰਾਜ ਸਿੱਧੂ ਵਰਗੇ ਵੀਰਾਂ ਦੀ ਬਦੌਲਤ ਸਿੱਖ ਭਾਈਚਾਰਾ ਅਤੇ ਪੰਜਾਬੀਅਤ ਹਮੇਸ਼ਾ ਔਖੇ ਸਮੇਂ ਵਿਚ ਦੁਨੀਆ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇਗੀ।

ਅੰਤਰ-ਰਾਸ਼ਟਰੀ ਪੰਜਾਬੀ ਮੈਗਜੀਨ 'ਮਹਿਕ ਵਤਨ ਦੀ ਲਾਈਵ' ਅਤੇ ਵੈਬ ਚੈਨਲ 'ਮਹਿਕ ਵਤਨ ਦੀ ਲਾਈਵ' ਵਾਸਤੇ ਹਰ ਏਰੀਏ ਤੋਂ

ਪੱਤਰਕਾਰਾਂ ਦੀ ਜਰੂਰਤ

ਪੱਤਰਕਾਰ ਬਣਨ ਦੇ ਚਾਹਵਾਨ ਲੜਕੇ-ਲੜਕੀਆਂ ਜਲਦੀ ਸੰਪਰਕ ਕਰਨ।




ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਮੋਗਾ (ਪੰਜਾਬ)

Help Line: (+91) 9988 92 9988

E-Mail: mehakwattandi@rediffmail.com